# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਖੁਆਸਪੁਰ ਯੂਥ ਕਲੱਬ (ਰਜਿ) ਪਿੱਪਲਾਂਵਾਲਾ ਨੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ 21 ਅਕਤੂਬਰ        ਖੁਆਸਪੁਰ ਯੂਥ ਕਲੱਬ (ਰਜਿ) ਪਿੱਪਲਾਂਵਾਲਾ ਦੇ ਸਮੂਹ ਮੈਂਬਰ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਦੀ ਅਗਵਾਈ ਹੇਠ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਮਿਲੇ ਅਤੇ ਮੰਗ ਪੱਤਰ ਦਿੰਦੇ ਹੋਏ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੱਪਲਾਂਵਾਲਾ ਵਿਖੇ ਸਮਸ਼ਾਨ ਘਾਟ ਦਾ ਏਰੀਆ ਉੱਚਾ-ਨੀਵਾਂ ਹੋਣ ਕਰਕੇ ਉਸਾਰੀ ਦੇ ਕੰਮ ਵਿੱਚ ਕਾਫੀ ਮੁਸ਼ਕਲ ਆ ਰਹੀ ਹੈ ਇਸ ਲਈ ਨਗਰ ਨਿਗਮ ਵੱਲੋਂ ਇਸ ਦਾ ਲੈਵਲ ਠੀਕ ਕਰਵਾਇਆ ਜਾਵੇ ਅਤੇ ਸਮਸ਼ਾਨ ਘਾਟ ਵਿਚ ਪੀਣ ਵਾਲੇ ਪਾਣੀ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਵੇ।

ਖੁਆਸਪੁਰ ਯੂਥ ਕਲੱਬ (ਰਜਿ) ਪਿੱਪਲਾਂਵਾਲਾ ਦੇ ਮੈਂਬਰਾਂ ਵਿਚ ਮਨਿੰਦਰ ਸਿੰਘ, ਅਜੇ ਕੁਮਾਰ, ਵਿਸ਼ਾਲ ਕੁਮਾਰ, ਸ਼ਿਵਾ, ਪਰਮਜੀਤ ਸਿੰਘ, ਗੁਰਪ੍ਰੀਤ, ਹਰਵਿੰਦਰ ਸਿੰਘ, ਵਰਿੰਦਰ ਸਿੰਘ, ਸੰਦੀਪ, ਰਤਨ ਲਾਲ, ਸਤਪਾਲ, ਹਰਜਿੰਦਰ ਪਾਲ, ਕੁਲਵੰਤ ਸਿੰਘ, ਮੋਹਿਤ, ਕਰਮਜੀਤ ਸਿੰਘ ਅਤੇ ਕਿਸ਼ਨ ਵੀ ਇਸ ਮੌਕੇ ਤੇ ਹਾਜ਼ਰ ਸਨ।